# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਪੰਜਾਬ ਸਕੂਲ ਸਿੱਖਿਆ ਬੋਰਡ ਸ਼ੁਰੂ ਤੋਂ ਅੱਜ ਤੱਕ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਅਤੇ ਜ਼ਿੰਮੇਵਾਰੀ ਨਾਲ਼ ਨਿਭਾਅ ਰਿਹਾ-ਬੋਰਡ ਚੇਅਰਮੈਨ

ਐਸ.ਏ.ਐਸ. ਨਗਰ 6 ਮਈ ( ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਸ੍ਰੀ ਮਨੋਹਰ ਕਾਂਤ ਕਲੋਹੀਆ ਵੱਲੋਂ ਬੀਤੇ ਦਿਨਾਂ ਤੋਂ ਬੋਰਡ ਵੱਲੋਂ ਪਹਿਲੀ ਵਾਰ ਤਿਆਰ ਕੀਤੀਆਂ ਜਾ ਰਹੀਆਂ ਗਿਆਰਵੀਂ ਤੇ ਬਾਰ੍ਹਵੀਂ ਦੇ ਇਤਿਹਾਸ ਵਿਸ਼ੇ ਦੀਆਂ ਪਾਠ ਪੁਸਤਕਾਂ ਦੇ ਵਾਦ-ਵਿਵਾਦ ਦੇ ਸਬੰਧ ਵਿੱਚ ਢੁਕਵੀਂ ਅਤੇ ਮਹੱਤਵਪੂਰਨ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ1969 'ਚ ਸਥਾਪਨਾ ਤਿੰਨ ਅਹਿਮ ਕੰਮ ਕਰਨ ਲਈ ਕੀਤੀ ਗਈ ਸੀ:-

1. ਪੰਜਾਬ ਦੇ ਸਕੂਲਾਂ ਵਿੱਚ ਪੜ੍ਹਾਏ ਜਾਣ ਵਾਲੇ ਪਾਠਕ੍ਰਮ ਦਾ ਸਿਲੇਬਸ ਬਣਾਉਣਾ;
2. ਇਸ ਸਿਲੇਬਸ ਵਿੱਚ ਸਮੇਂ ਅਨੁਸਾਰ ਸੋਧ ਕਰਨੀ;
3. ਦਸਵੀਂ, ਬਾਰ੍ਹਵੀਂ ਦੀਆਂ ਸਾਲਾਨਾਂ ਪ੍ਰੀਖਿਆਵਾਂ ਲੈਣੀਆਂ, ਕੁੱਝ ਇੱਕ ਸਾਲ ਪੰਜਵੀਂ ਅਤੇ ਅੱਠਵੀਂ ਦੀ ਪ੍ਰੀਖਿਆ ਵੀ ਬੋਰਡ ਵੱਲੋਂ ਲਈ ਜਾਂਦੀ ਰਹੀ ਹੈ;

ਉਪਰੋਕਤ ਪਾਠ-ਪੁਸਤਕਾਂ ਦੀ ਛਪਾਈ ਸ਼ੁਰੂਆਤੀ ਦੌਰ ਵਿੱਚ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵੱਲੋਂ ਕੀਤੀ ਜਾਂਦੀ ਸੀ, ਪਰ ਬਾਅਦ ਵਿੱਚ ਇਹ ਪਾਠ-ਪੁਸਤਕਾਂ ਛਾਪਣ ਦਾ ਕਾਰਜ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੌਂਪ ਦਿੱਤਾ ਗਿਆ।

ਐਨ.ਸੀ.ਈ.ਆਰ.ਟੀ. (ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ) ਦੀ ਤਰਜ਼ ਤੇ ਪੰਜਾਬ ਰਾਜ ਵਿੱਚ ਵੀ ਐਸ.ਸੀ.ਈ.ਆਰ.ਟੀ. (ਸਟੇਟ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ) ਦੀ ਸਥਾਪਨਾ ਕੀਤੀ ਗਈ। ਚਾਹੀਦਾ ਤਾਂ ਇਹ ਸੀ ਕਿ ਕਿਤਾਬਾਂ ਛਾਪਣ ਦਾ ਕੰਮ ਐਸ.ਸੀ.ਈ.ਆਰ.ਟੀ. ਵੱਲੋਂ ਕੀਤਾ ਜਾਂਦਾ ਪ੍ਰੰਤੂ ਪ੍ਰਸ਼ਾਸਨਿਕ ਅਤੇ ਪ੍ਰਬੰਧਕੀ ਕਾਰਨਾਂ ਕਰਕੇ ਐਸ.ਸੀ.ਈ.ਆਰ.ਟੀ. ਨੇ ਕਦੇ ਵੀ ਕੋਈ ਕਿਤਾਬ ਨਹੀਂ ਛਾਪੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੰਗ ਕਰਨ ਤੇ ਵੱਖ-ਵੱਖ ਵਿਸ਼ਿਆਂ ਦੇ ਵਿਸ਼ਾ ਮਾਹਿਰ ਉਪਲੱਬਧ ਕਰਵਾਏ ਜਾਣ ਦੇ ਸਹਿਯੋਗ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੱਖ-ਵੱਖ ਵਿਸ਼ਿਆਂ ਦੀਆਂ ਪਾਠ ਪੁਸਤਕਾਂ ਛਾਪੀਆਂ ਜਾਂਦੀਆਂ ਰਹੀਆਂ। ਜਿਨ੍ਹਾਂ ਵਿਸ਼ਿਆਂ/ਸ਼੍ਰੇਣੀਆਂ ਲਈ ਐਨ.ਸੀ.ਈ.ਆਰ.ਟੀ. ਵੱਲੋਂ ਪਾਠ ਪੁਸਤਕਾਂ ਅਡਾਪਟ ਕੀਤੀਆਂ ਜਾਂਦੀਆਂ ਹਨ, ਬੋਰਡ ਵੱਲੋਂ ਅੰਗਰੇਜ਼ੀ ਅਤੇ ਹਿੰਦੀ ਮਾਧਿਅਮ ਵਿੱਚ ਇਨ੍ਹਾਂ ਹੀ ਪਾਠ ਪੁਸਤਕਾਂ ਨੂੰ ਲਾਗੂ ਕਰਨ ਅਤੇ ਪੰਜਾਬੀ ਮਾਧਿਅਮ ਵਿੱਚ ਇਨਾਂ ਪਾਠ ਪੁਸਤਕਾਂ ਨੂੰ ਅਨੁਵਾਦ ਕਰਵਾ ਕੇ ਸਕੂਲੀ ਬੱਚਿਆਂ ਨੂੰ ਮੁਹੱਈਆ ਕਰਵਾਈਆਂ ਜਾਂਦੀਆਂ ਰਹੀਆਂ ਹਨ।

ਮਿਤੀ 14.07.2017 ਨੂੰ ਬੋਰਡ ਦੀ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪਹਿਲੀ ਤੋਂ ਪੰਜਵੀਂ ਸ਼੍ਰੇਣੀ ਤੱਕ ਦੀਆਂ ਪਾਠ-ਪੁਸਤਕਾਂ ਨੂੰ ਰਿਵਿਊ ਕਰਨ ਉਪਰੰਤ ਪੂਰਨ ਤੌਰ ਤੇ ਨਵੀਂਆਂ ਪਾਠ ਪੁਸਤਕਾਂ ਛਾਪਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਫੈਸਲੇ ਦੇ ਅਧੀਨ 34 ਟਾਈਟਲ ਤਿਆਰ ਕਰਕੇ ਪ੍ਰਕਾਸ਼ਿਤ ਕੀਤੇ ਗਏ। ਇਸ ਤੋਂ ਇਲਾਵਾ ਬਾਕੀ ਵਿਸ਼ਿਆਂ ਦੀਆਂ ਤਿਆਰ ਕੀਤੀਆਂ ਪਾਠ-ਪੁਸਤਕਾਂ ਨੂੰ ਮਿਲਾ ਕੇ ਕੁੱਲ 53 ਟਾਈਟਲ ਤਿਆਰ ਕਰਕੇ ਛਪਵਾਏ ਗਏ ਹਨ। ਨਵੀਂਆਂ ਪਾਠ-ਪੁਸਤਕਾਂ ਵੱਖ-ਵੱਖ ਵਿਸ਼ਿਆਂ ਦੀਆਂ ਬਣਾਈਆਂ ਗਈਆਂ ਅਤੇ ਨਾਲ ਹੀ ਇਹ ਵੀ ਫੈਸਲਾ ਕੀਤਾ ਗਿਆ ਸਾਲ 2019-20 ਲਈ ਇਸ ਦੀ ਲਗਾਤਾਰਤਾ ਵਿੱਚ ਲੱਗਭਗ 31 ਪਾਠ-ਪੁਸਤਕਾਂ ਨਵੀਂਆਂ ਤਿਆਰ ਕਰਨ ਦਾ ਪ੍ਰਸਤਾਵ ਹੈ। ਜਿਨ੍ਹਾਂ ਵਿੱਚ ਛੇਵੀਂ ਤੋਂ ਅੱਠਵੀਂ ਸ਼੍ਰੇਣੀ ਤੱਕ ਦੀਆਂ ਪਾਠ-ਪੁਸਤਕਾਂ ਨਵੀਂਆਂ ਤਿਆਰ ਕਰਨ ਦਾ ਵੀ ਪ੍ਰਸਤਾਵ ਸ਼ਾਮਲ ਹੈ।

ਸਾਲ 2014 ਦੀ ਮੀਟਿੰਗ ਵਿੱਚ ਲਏ ਫੈਸਲੇ ਦੇ ਅੰਤਰਗਤ ਨੌਵੀਂ ਤੋਂ ਬਾਰ੍ਹਵੀਂ ਦੀ ਇਤਿਹਾਸ ਅਤੇ ਸਿਹਤ ਤੇ ਸਰੀਰਕ ਸਿੱਖਿਆ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਨੂੰ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਇਸੇ ਲੜੀ ਅਧੀਨ ਨੌਵੀਂ ਸ਼੍ਰੇਣੀ ਦੀ ਪਾਠ-ਪੁਸਤਕ 2018-19 ਤੋਂ ਅਤੇ ਦਸਵੀਂ ਸ਼੍ਰੇਣੀ ਲਈ 2019-20 ਦੇ ਸੈਸ਼ਨ ਤੋਂ ਲਾਗੂ ਕਰਨ ਦਾ ਫੈਸਲਾ ਲਿਆ ਗਿਆ।

ਮਿਤੀ 14.07.2017 ਨੂੰ ਹੋਈ ਬੋਰਡ ਦੀ ਮੀਟਿੰਗ ਦੇ ਫੈਸਲੇ ਅਨੁਸਾਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀਆਂ ਪਾਠ-ਪੁਸਤਕਾਂ 2018-19 ਦੇ ਅਕਾਦਮਿਕ ਸੈਸ਼ਨ ਤੋਂ ਇਕੱਠੇ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ।

Scanned by CamScanner

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਸ਼ਾਵਾਦੀ ਅਤੇ ਨਿਰੋਲ ਅਕਾਦਮਿਕ ਸੋਚ ਨਾਲ ਪਹਿਲੀ ਵਾਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਪੰਜਾਬ ਰਾਜ ਦੇ ਅਮੀਰ ਵਿਰਸੇ ਦੇ ਸਿੱਖ ਇਤਿਹਾਸ ਦੇ ਨਾਲ-ਨਾਲ ਵਿਸ਼ਵ ਅਤੇ ਭਾਰਤ ਦੇ ਇਤਿਹਾਸ ਤੇ ਆਧਾਰਿਤ ਵਿਸ਼ਾ-ਵਸਤੂ ਅਤੇ ਐਨ.ਸੀ.ਐਫ.-2005 ਦੀਆਂ ਅਗਵਾਈ ਲੀਹਾਂ ਅਨੁਸਾਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਲਈ ਪਾਠ-ਪੁਸਤਕਾਂ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ।

ਉਪਰੋਕਤ ਦੱਸੇ ਗਏ ਆਦੇਸ਼ਾਂ ਦੇ ਮੱਦੇ-ਨਜ਼ਰ ਪੰਜਾਬ ਇਤਿਹਾਸ ਦੇ ਸਰੋਤ: ਗੁਰੂ ਕਾਲ ਦੇ ਸੰਦਰਭ ਵਿੱਚ, ਸਿੱਖ ਧਰਮ ਦਾ ਅਧਾਰ: ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਦਾ ਸਮਾਜਿਕ ਧਾਰਮਿਕ ਜੀਵਨ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਸਿੱਖਿਆਵਾਂ; ਸਿੱਖ ਧਰਮ ਦਾ ਵਿਕਾਸ: ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਬਿਰਤਾਂਤ; ਸਿੱਖ ਧਰਮ ਦਾ ਰੂਪਾਂਤਰਣ: ਸ੍ਰੀ ਗੁਰੂ ਹਰਗੋਬਿੰਦ ਤੋਂ ਸ੍ਰੀ ਗੁਰੂ ਤੇਗ ਬਹਾਦਰ; ਸਿੱਖੀ ਦਾ ਨਵਾਂ ਮੁਹਾਂਦਰਾ ਅਤੇ ਖਾਲਸਾ ਪੰਥ ਦੀ ਸਿਰਜਣਾ; ਚਾਰ ਸਾਹਿਬਜ਼ਾਦੇ ਗਿਆਰ੍ਹਵੀਂ ਸ਼੍ਰੇਣੀ ਦੇ ਪਾਠਕ੍ਰਮ ਅਤੇ ਪਾਠ-ਪੁਸਤਕ ਵਿੱਚ ਸ਼ਾਮਿਲ ਕੀਤੇ ਗਏ ਹਨ।

ਬਾਰ੍ਹਵੀਂ ਦੀ ਪਾਠ-ਪੁਸਤਕਾਂ ਵਿੱਚ ਸਿੱਖ ਰਾਜ ਵੱਲ, ਅਧਿਆਏ ਅਧੀਨ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਸਬੰਧੀ ਵਿਸ਼ਾ-ਵਸਤੂ ਸ਼ਾਮਿਲ ਕੀਤਾ ਗਿਆ ਹੈ। ਇਹੋ ਹੀ ਨਹੀਂ ਮੱਧਕਾਲ ਸਾਮਰਾਜ ਅਤੇ ਆਧੁਨਿਕ ਭਾਰਤ ਵਿੱਚ ਸਿੱਖ ਰਾਜ ਦੇ ਇਤਿਹਾਸ ਨੂੰ ਭਾਰਤ ਦੇ ਇਤਿਹਾਸ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ।

ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਦਸਵੀਂ ਦੀ ਪਾਠ-ਪੁਸਤਕ ਵਿੱਚ ਸਿੱਖੀ ਸੰਘਰਸ਼ ਨਾਲ ਸਬੰਧਤ ਵਿਸ਼ਾ-ਵਸਤੂ, ਦਲ ਖਾਲਸਾ ਦਾ ਇਤਿਹਾਸ ਅਤੇ ਸਿੱਖ ਮਿਸਲਾਂ ਸਬੰਧੀ ਜਾਣਕਾਰੀ ਪਹਿਲਾਂ ਤੋਂ ਹੀ ਸ਼ਾਮਿਲ ਹੈ।

ਸਾਲ 2019-20 ਵਿੱਚ ਪ੍ਰਸਤਾਵਿਤ ਪਾਠਕ੍ਰਮ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਇਨ੍ਹਾਂ ਵਿਸ਼ਿਆਂ ਸਬੰਧੀ ਜਾਣਕਾਰੀ ਵਿਸਥਾਰ ਰੂਪ ਵਿੱਚ ਸ਼ਾਮਿਲ ਕੀਤੀ ਜਾਣੀ ਹੈ। ਗਿਆਰ੍ਹਵੀਂ ਸ਼੍ਰੇਣੀ ਦੇ ਪਾਠਕ੍ਰਮ ਵਿੱਚ ਪੂਰਨ ਤੌਰ ਤੇ ਮੱਧਕਾਲ ਦੇ ਸਿੱਖ ਇਤਿਹਾਸ ਬਾਰੇ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਪਾਠਕ੍ਰਮ ਵਿੱਚ ਆਧੁਨਿਕ ਭਾਰਤ ਵਿੱਚ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਸ਼ਾਮਿਲ ਹੈ। ਇਕ ਨਵਾਂ ਪਾਠ ਬ੍ਰਿਟਿਸ਼ ਰਾਜ ਅਧੀਨ ਪੰਜਾਬ ਵੀ ਬਾਰ੍ਹਵੀਂ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਉਪਰੋਕਤ ਦਰਸਾਏ ਗਏ ਵੇਰਵਿਆਂ ਤੋਂ ਸਾਫ ਜ਼ਾਹਿਰ ਹੈ ਕਿ ਪਾਠਕ੍ਰਮ ਵਿੱਚ ਲੋੜੀਂਦੀ ਤਬਦੀਲੀ ਬਹੁਤ ਸੋਚ-ਵਿਚਾਰ ਕਰਨ ਉਪਰੰਤ ਅਤੇ ਪਾਠਕ੍ਰਮ ਵਿੱਚ ਲਗਾਤਾਰਤਾ ਲਿਆਉਣ ਲਈ ਅਕਾਦਮਿਕ ਵਿਉਂਤਬੰਦੀ ਇਤਿਹਾਸ ਵਿਸ਼ੇ ਦੇ ਮਾਹਿਰਾਂ ਵੱਲੋਂ ਪਰਖ-ਪੜਚੋਲ ਅਤੇ ਤੱਥਾਂ ਤੇ ਅਧਾਰਿਤ ਵੇਰਵਿਆਂ ਨਾਲ ਕੀਤੀ ਗਈ ਹੈ। ਇੱਥੇ ਜਿਕਰਯੋਗ ਹੈ ਕਿ ਇਸ ਵਿੱਚ ਕਿਸੇ ਵੀ ਪੱਖ ਨੂੰ ਤੋੜ-ਮਰੋੜ, ਕੱਟਣ ਜਾਂ ਗਲਤ ਰੂਪ ਵਿੱਚ ਪੇਸ਼ ਕਰਨ ਦਾ ਬੋਰਡ ਦਾ ਕਦੇ ਵੀ ਕੋਈ ਅਕਾਦਮਿਕ ਮੰਤਵ ਨਾ ਪਹਿਲਾਂ ਰਿਹਾ ਹੈ , ਨਾ ਹੁਣ ਹੈ।

ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪਾਠਕ੍ਰਮ ਨਿਰਧਾਰਿਤ ਕਰਨ ਲਈ ਇਕ ਵੱਖਰੇ ਪੈਨਲ ਵੱਲੋਂ ਅਗਵਾਈ ਲੀਹਾਂ ਤਿਆਰ ਕੀਤੇ ਜਾਣ ਦੇ ਤਹਿਤ ਪਾਠ-ਪੁਸਤਕ ਤਿਆਰ ਕਰਨੀ ਸੀ ਅਤੇ ਪਾਠ-ਪੁਸਤਕ ਦੀ ਤਿਆਰੀ ਕਰਨ ਸਬੰਧੀ ਵੱਖਰੇ ਪੈਨਲ ਅਧੀਨ ਉਸੇ ਪਾਠਕ੍ਰਮ ਅਧੀਨ ਲੋੜੀਂਦੀ ਤਬਦੀਲੀ ਨਾਲ ਪਾਠ-ਪੁਸਤਕ ਤਿਆਰ ਕੀਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਨੂੰ ਸਮੇਂ-ਸਮੇਂ ਸਿਰ ਇਸ ਪੁਸਤਕ ਦੀ ਲੜੀ ਵਿੱਚ ਸਹਿਯੋਗੀ ਵਜੋਂ ਸ਼ਾਮਿਲ ਕੀਤਾ ਗਿਆ ਹੈ ਅਤੇ ਵੱਖ-ਵੱਖ ਅਦਾਰਿਆਂ/ਮਾਹਿਰਾਂ (ਐਸ.ਸੀ.ਈ.ਆਰ.ਟੀ., ਯੂਨੀਵਰਸਿਟੀ ਮਾਹਿਰ, ਐਨ.ਸੀ.ਆਰ.ਟੀ. ਮਾਹਿਰ) ਤੋਂ ਮਿਲੀਆਂ ਇੰਨਪੁਟਸ ਨੂੰ ਮਿਸ਼ਰਤ ਕਰਕੇ ਇਹ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ।

ਪੰਜਾਬ ਸਕੂਲ ਸਿੱਖਿਆ ਬੋਰਡ ਲਈ ਪੰਜਾਬ ਦੇ ਬੱਚਿਆਂ ਦਾ ਭਵਿੱਖ ਸਰਵ ਉੱਚ ਹੈ ਅਤੇ ਖਾਸ ਕਰਕੇ ਸਿੱਖ ਇਤਿਹਾਸ ਬਾਰੇ ਬੱਚਿਆਂ ਨੂੰ ਸਟੀਕ ਅਤੇ ਗੰਭੀਰ ਜਾਣਕਾਰੀ ਦੇਣ ਦਾ ਬੋਰਡ ਵੱਲੋਂ ਭਰਵਾਂ ਉਪਰਾਲਾ ਕੀਤਾ ਗਿਆ ਹੈ, ਜਿਸ ਸਬੰਧੀ ਬੋਰਡ ਦਾ ਇਹ ਮੰਨਣਾ ਹੈ ਕਿ ਬੀਤੇ ਦਿਨਾਂ ਵਿੱਚ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ, 324 ਪੰਨੇ ਤੋਂ 182 ਪੰਨੇ ਦੀ ਕਿਤਾਬ ਅਤੇ 23 ਪਾਠਾਂ ਤੋਂ ਘਟਾ ਕੇ 11 ਪਾਠ ਕਰਨ ਦੇ ਜੋ ਇਲਜ਼ਾਮ ਲਾਏ ਜਾ ਰਹੇ ਹਨ, ਉਹ ਬੇ-ਬੁਨਿਆਦ ਹਨ।

ਮਿਤੀ:-06-05-2018

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner